# ਪੰਜਾਬ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਐਜੂਕੇਸਨ ਬੋਰਡ ਕੰਪਲੈਕਸ, ਪੰਜਵੀਂ ਮੰਜ਼ਿਲ, ਜਿਲ੍ਹਾਂ ਐੱਸ.ਏ.ਐੱਸ ਨਗਰ, (ਮੋਹਾਲੀ)
ਫੋਨ ਨੰ: 0172-2210019, ਈ-ਮੇਲ:- mdmpunjab@punjabeducation.gov.in,

ਵੱਲ:

ਅਤਿ ਜਰੂਰੀ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ),
ਸਮੂਹ ਸਕੂਲ ਮੁੱਖੀ (ਵੈਬਸਾਈਟ ਅਤੇ ਨੋਟਿਸ ਬੋਰਡ ਰਾਂਹੀ),
ਸਿੱਖਿਆ ਵਿਭਾਗ,
ਪੰਜਾਬ ਰਾਜ।

ਮੀਮੋਂ ਨੰ. ਐੱਮ.ਡੀ.ਐਮ.ਐੱਸ/ਜੀ.ਐਮ/E-136557/2022/45635

ਮਿਤੀ : 24 /02/2022

ਵਿਸ਼ਾ:- ਮਿਡ ਡੇ ਮੀਲ ਸਕੀਮ ਅਧੀਨ ਕੁੱਕਿੰਗ ਕੋਸਟ ਦੇ ਫੰਡਾਂ ਦੀ ਵਰਤੋ ਕਰਨ ਅਤੇ ਪੁਰਾਣੇ ਖਾਤੇ ਬੰਦ ਕਰਵਾਉਣ ਸਬੰਧੀ।

ਹਵਾਲਾ: ਲੜੀ ਨੰ.1--ਮੁੱਖ ਦਫਤਰ ਪੱਤਰ ਨੰ. 25117 ਮਿਤੀ 31.01.2022,
ਲੜੀ ਨੰ.2-- ਮੁੱਖ ਦਫਤਰ ਪੱਤਰ ਨੰ. 38806 ਮਿਤੀ 14.02.2022

ਉਪਰੋਕਤ ਲੜੀ ਨੰ.1 ਤੇ ਹਵਾਲਾ ਅਧੀਨ ਪੱਤਰ ਰਾਂਹੀ ਸਮੂਹ ਜਿਲ੍ਹਾ ਸਿੱਖਿਆ ਅਫਸਰਜ਼ ਅਤੇ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਗਈ ਸੀ ਕਿ ਮਿਡ ਡੇ ਮੀਲ ਸਕੀਮ ਅਧੀਨ ਸਕੂਲਾਂ ਦੇ ਪੁਰਾਣੇ ਬੈਂਕ ਖਾਤੇ ਜੋ ਕਿ ਵੱਖ-ਵੱਖ ਬੈਂਕਾਂ ਵਿੱਚ ਖੋਲੇ ਗਏ ਸਨ ਨੂੰ ਬੰਦ ਕਰਵਾਉਣ ਉਪਰੰਤ ਉਸ ਖਾਤੇ ਵਿੱਚਲਾ ਬਕਾਇਆ ਫੰਡ ਸਬੰਧਤ ਬਲਾਕ ਦੇ ਬੈਂਕ ਖਾਤੇ ਵਿੱਚ ਜਮਾਂ ਕਰਵਾ ਦਿੱਤਾ ਜਾਵੇ ਅਤੇ ਜਮਾਂ ਕਰਵਾਈ ਗਈ ਰਾਸ਼ੀ ਸਬੰਧੀ ਨੱਥੀ ਪ੍ਰੋਫਾਰਮਾ-A ਅਨੁਸਾਰ ਸੂਚਨਾ ਆਪਣੇ ਬਲਾਕ ਨੂੰ ਤੁਰੰਤ ਭੇਜ ਦਿੱਤੀ ਜਾਵੇ।

ਜਿਲ੍ਹਾ ਦਫਤਰਾਂ ਅਤੇ ਬਲਾਕ ਦਫਤਰਾਂ ਰਾਂਹੀ ਦਫਤਰ ਦੇ ਧਿਆਨ ਵਿੱਚ ਲਿਆਦਾ ਗਿਆ ਸੀ ਕਿ ਬਹੁਤੇ ਸਕੂਲਾਂ ਵੱਲੋ ਮਿਡ ਡੇ ਮੀਲ ਦੇ ਪੁਰਾਣੇ ਬੈਂਕ ਖਾਤੇ ਬੰਦ ਨਹੀ ਕੀਤੇ ਗਏ ਹਨ ਜਿਸ ਦੇ ਨਤੀਜੇ ਵੱਜੋ ਹਵਾਲਾ ਅਧੀਨ ਲੜੀ ਨੰ.2 ਪੱਤਰ ਅਨੁਸਾਰ ਸਮੂਹ ਜਿਲਿਆਂ ਨੂੰ ਮੁੜ ਹਦਾਇਤ ਕੀਤੀ ਗਈ ਸੀ ਕਿ ਭਾਰਤ ਸਰਕਾਰ ਵੱਲੋ ਪ੍ਰਾਪਤ ਫੰਡਾਂ ਦੀ ਵਰਤੋ ਤੁਰੰਤ ਯਕੀਨੀ ਬਣਾਉਣ ਹਿੱਤ ਉਹਨਾਂ ਸਕੂਲਾਂ (ਜਿਹਨਾਂ ਦੇ ਪੁਰਾਣੇ ਮਿਡ ਡੇ ਮੀਲ ਬੈਂਕ ਖਾਤੇ ਬੰਦ ਨਹੀ ਹੋਏ) ਨੂੰ ਮਿਡ ਡੇ ਮੀਲ ਦੇ ਕੁੱਕਿੰਗ ਕੋਸਟ ਦੇ ਫੰਡ/ਪੈਸੇ ਉਹਨਾਂ ਦੇ ਪੁਰਾਣੇ ਖਾਤਿਆਂ ਵਿੱਚ ਟਰਾਂਸਫਰ ਕਰ ਦਿੱਤੇ ਜਾਣ ਅਤੇ ਉਹਨਾਂ ਸਕੂਲਾਂ ਨੂੰ ਲਿਖਤ ਵਿੱਚ ਹਦਾਇਤ ਕੀਤੀ ਜਾਵੇ ਕਿ ਸਕੂਲ ਪੁਰਾਣੇ ਮਿਡ ਡੇ ਮੀਲ ਬੈਂਕ ਖਾਤੇ ਵਿੱਚ ਪ੍ਰਾਪਤ ਫੰਡਾਂ ਦੀ ਤੁਰੰਤ ਵਰਤੋ ਕਰਨ ਅਤੇ ਉਸ ਉਪਰੰਤ ਸਬੰਧਤ ਬੈਂਕ ਖਾਤੇ ਬੰਦ ਕਰਵਾ ਕੇ ਆਪਣੇ ਸਬੰਧਤ ਬਲਾਕ ਨੂੰ ਪ੍ਰੋਫਾਰਮਾ-A ਅਨੁਸਾਰ ਤੁਰੰਤ ਸੂਚਨਾ ਭਰ ਕੇ ਸੂਚਿਤ ਕਰਨ।

ਉਕਤ ਹਦਾਇਤਾਂ ਅਨੁਸਾਰ PFMS Portal ਤੇ ਰਿਪੋਰਟ ਚੈੱਕ ਕਰਨ ਉਪਰੰਤ ਇਹ ਪਾਇਆ ਗਿਆ ਹੈ ਕਿ ਹੁਣ ਤੱਕ ਵੀ ਸਮੂਹ ਬਲਾਕਾਂ ਵੱਲੋ ਉਕਤ ਅਨੁਸਾਰ ਕਾਰਵਾਈ ਨਹੀ ਕੀਤੀ ਗਈ ਅਤੇ ਭਾਰਤ ਸਰਕਾਰ ਵੱਲੋ ਪ੍ਰਾਪਤ ਹੋਏ ਫੰਡ ਹਾਲੇ ਵੀ ਅਣਵਰਤੇ ਹੀ ਪਏ ਹਨ ਜਿਹਨਾਂ ਦੀ ਵਰਤੋ ਕੀਤੀ ਜਾਣੀ ਅਤਿ ਜਰੂਰੀ ਹੈ ਅਤੇ ਪੁਰਾਣੇ ਮਿਡ ਡੇ ਮੀਲ ਦੇ ਬੈਂਕ ਖਾਤੇ ਬੰਦ ਕਰਵਾਏ ਜਾਣੇ ਜਰੂਰੀ ਹਨ ਤਾਂ ਜੋ ਉਹਨਾਂ ਖਾਤਿਆਂ ਦੀ ਰਾਸ਼ੀ ਸਕੂਲਾਂ ਦੇ ਬੈਂਕ ਖਾਤਿਆਂ ਵਿੱਚੋ ਬਲਾਕਾਂ ਅਤੇ ਬਲਾਕਾਂ ਤੋ ਜਿਲ੍ਹਾ ਦਫਤਰ ਅਤੇ ਜਿਲ੍ਹਾ ਦਫਤਰ ਤੋ ਮੁੱਖ ਦਫਤਰ ਦੇ ਬੈਂਕ ਖਾਤੇ ਵਿੱਚ ਜਮਾਂ ਹੋ ਸਕੇ ਅਤੇ ਇੱਕਮੁਸ਼ਤ ਰਾਸ਼ੀ ਮੁੱਖ ਦਫਤਰ ਦੇ ਖਾਤੇ ਵਿੱਚੋ ਮਿਡ ਡੇ ਮੀਲ ਦੇ ਐੱਸ.ਐੱਨ.ਏ ਬੈਂਕ ਖਾਤੇ ਵਿੱਚ ਜਮਾਂ ਕਰਵਾਈ ਜਾ ਸਕੇ।

ਇੱਥੇ ਇਹ ਦੱਸਣਯੋਗ ਜਿਹਨਾਂ ਸਕੂਲਾਂ ਦੇ ਪੁਰਾਣੇ ਮਿਡ ਡੇ ਮੀਲ ਬੈਕ ਖਾਤੇ ਬੰਦ ਹੋ ਚੁੱਕੇ ਹਨ ਉਹਨਾਂ ਨੂੰ ਕੁੱਕਿੰਗ ਕੋਸਟ ਦੇ ਫੰਡਾਂ ਲਈ ਪੀ.ਐੱਫ.ਐੱਮ.ਐੱਸ ਪੋਰਟਲ ਰਾਂਹੀ ਲਿਮਟ ਜਾਰੀ ਕੀਤੀ ਗਈ ਹੈ ਅਤੇ ਉਹਨਾਂ ਸਕੂਲਾਂ ਮੁੱਖੀਆਂ ਨੂੰ ਬੇਨਤੀ ਹੈ ਕਿ ਉਹ ਪੋਰਟਲ ਰਾਂਹੀ ਆਪਣੇ ਸਕੂਲ ਦੇ ਸਬੰਧਤ ਡਾਟਾ ਅਪਰੇਟਰ ਅਤੇ ਡਾਟਾ ਅਪਰੂਵਰ ਦੇ IDs ਦੀ ਵਰਤੋ ਕਰਦੇ ਹੋਏ PPA (Print Payment Advice) ਜਨਰੇਟ ਕਰਕੇ ਅਦਾਇਗੀਆਂ ਕਰਵਾਉਣ ਅਤੇ ਮਿਡ ਡੇ ਮੀਲ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਜਿਨ੍ਹਾ ਸਕੂਲਾਂ ਦੇ ਬੈਂਕ ਖਾਤੇ ਬੰਦ ਨਹੀ ਹੋਏ ਸਨ ਉਹਨਾ ਸਕੂਲ ਮੁੱਖੀਆਂ ਨੂੰ ਬੇਨਤੀ ਹੈ ਕਿ ਉਹ ਤੁਰੰਤ ਆਪਣੇ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆਂ ਅਫਸਰ ਨਾਲ ਸੰਪਰਕ ਕਰਨ ਅਤੇ ਜੇਕਰ ਉਹਨਾਂ ਦੇ ਪੁਰਾਣੇ ਬੈਂਕ ਖਾਤੇ ਵਿੱਚ ਫੰਡਜ ਪ੍ਰਾਪਤ ਹੋ ਚੁੱਕੇ ਹਨ ਤਾਂ ਉਹ ਤੁਰੰਤ ਫੰਡਾਂ ਦੀ ਵਰਤੋ ਕਰਨ ਅਤੇ ਪੁਰਾਣੇ ਬੈਂਕ ਖਾਤੇ ਨੂੰ ਬੰਦ ਕਰਕੇ ਪ੍ਰੋਫਾਰਮਾ-A ਅਨੁਸਾਰ ਸੂਚਨਾ ਆਪਣੇ ਸਬੰਧਤ ਬਲਾਕ ਨੂੰ ਭੇਜ ਦੇਣ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਜਨਰਲ ਮੈਨੇਜਰ

ਪਿ.ਅੰ.ਨੰ. ਐਮ.ਡੀ.ਐਮ.ਸੀ./ਐੱਮ.ਐੱਫ.ਏ/2022/45036-39 ਮਿਤੀ:- 2?/02/2022

ਉਪਰੋਕਤ ਦੇ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1) ਸਮੂਹ ਉਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਜ਼, ਪੰਜਾਬ ਨੂੰ ਸਮੂਹ ਸਕੂਲਾਂ ਤੋ ਨੱਥੀ ਪ੍ਰੋਫਾਰਮੇ ਅਨੁਸਾਰ ਸੂਚਨਾ ਕਰਨ ਉਪਰੰਤ ਫੰਡਾਂ ਨੂੰ ਜਿਲ੍ਹਾ ਦਫਤਰ ਦੇ ਪੁਰਾਣੇ ਮਿਡ ਡੇ ਮੀਲ ਖਾਤੇ ਵਿੱਚ ਜਮਾਂ ਕਰਵਾਉਣ ਹਿੱਤ ਲਿਖਿਆ ਜਾਂਦਾ ਹੈ।
3) ਸਮੂਹ ਜਿਲ੍ਹਾ ਲੇਖਾਕਾਰ, ਮਿਡ ਡੇ ਮੀਲ/ਜਿਲ੍ਹਾ ਮਿਡ ਡੇ ਮੀਲ ਇੰਚਾਰਜਿੰਸ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਬਲਾਕਾਂ ਨੂੰ ਉਕਤ ਹਦਾਇਤਾਂ ਅਨੁਸਾਰ ਪੱਤਰ ਜਾਰੀ ਕੀਤੇ ਜਾਣ ਅਤੇ ਤੁਰੰਤ ਫੰਡਾਂ ਦੀ ਵਰਤੋ ਸਬੰਧੀ ਕਾਰਵਾਈ ਕੀਤੀ ਜਾਵੇ।
4) ਸਮੂਹ ਸਹਾਇਕ ਬਲਾਕ ਮੈਨੇਜਰਜ਼, ਮਿਡ ਡੇ ਮੀਲ/ਬਲਾਕ ਮਿਡ ਡੇ ਮੀਲ ਇੰਚਾਰਜਿੰਸ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਸਕੂਲਾਂ ਨਾਲ ਤੁਰੰਤ ਰਾਬਤਾ ਕਾਇਮ ਕਰਦੇ ਹੋਏ ਉਹਨਾਂ ਨੂੰ ਪੋਰਟਲ ਰਾਂਹੀ ਫੰਡਾਂ ਦੀ ਵਰਤੋ ਕਰਨ ਹਿੱਤ ਲਿਖਿਆ ਜਾਵੇ ਅਤੇ ਜਿਹਨਾਂ ਦੇ ਪੁਰਾਣੇ ਮਿਡ ਡੇ ਮੀਲ ਖਾਤੇ ਬੰਦ ਨਹੀ ਹੋਏ ਹਨ ਉਹਨਾਂ ਨੂੰ ਪ੍ਰਾਪਤ ਹੋਏ ਫੰਡ ਵਰਤਦੇ ਹੋਏ ਤੁਰੰਤ ਖਾਤੇ ਬੰਦ ਕਰ ਦੇਣ ਸਬੰਧੀ ਦੱਸਿਆ ਜਾਵੇ ਅਤੇ ਹਰੇਕ ਸਕੂਲ ਤੋ ਪ੍ਰੋਫਾਰਮਾ-A ਪ੍ਰਾਪਤ ਜਰੂਰ ਕੀਤਾ ਜਾਵੇ।

ਜਨਰਲ ਮੈਨੇਜਰ

ਨੱਥੀ -(ਪ੍ਰੋਫਾਰਮਾ-A)

# PROFORMA- A

ਸਕੂਲ ਦਾ ਨਾਂ : ---

ਬਲਾਕ ਦਾ ਨਾਂ:--

<u>ਮਿਡ ਡੇ ਮੀਲ ਦੇ ਫੰਡਾਂ ਦੀ ਬਕਾਇਆ ਰਾਸ਼ੀ (ਜੇਕਰ ਕੋਈ ਹੈ ਤਾਂ)</u>

| ਲੜੀ ਨੰ | ਹੈੱਡ ਦਾ ਨਾਂ | ਰਾਸ਼ੀ (ਰੁਪਇਆ ਵਿੱਚ) |
|---|---|---|
| 1 | ਕੁੱਕਿੰਗ ਕੋਸਟ | |
| 2 | ਕੁੱਕਾਂ ਦਾ ਮਿਹਨਤਾਨਾ | |
| 3 | ਕਿਚਨ ਸੈੱਡ ਦੀ ਰਾਸ਼ੀ | |
| 4 | ਬਾਰਦਾਨੇ ਦੀ ਰਾਸ਼ੀ | |
| 5 | ਕਿਚਨ ਡਿਵਾਇਸਿਸ ਦੀ ਰਾਸ਼ੀ | |
| 6 | ਵਿਆਜ ਦੀ ਰਾਸ਼ੀ | |
| 7 | ਕੋਈ ਹੋਰ | |
| | ਕੁੱਲ ਰਾਸ਼ੀ | 0 |

ਸਕੂਲ ਮੁੱਖੀ ਦੇ ਹਸਤਾਖਰ ਅਤੇ ਮੋਹਰ